International Journal of Information Movement Vol.5 Issue X (February 2021)
Website: www.ijim.in ISSN: 2456-0553 (online) Pages 23-25

# ਵਰਤਮਾਨ ਪਰਿਪੇਖ ਵਿਚ : ਸਿੱਖ ਵਿਚਾਰਧਾਰਾ

**ਡਾ. ਸੁਖਵਿੰਦਰ ਸਿੰਘ**
**ਸਰਕਾਰੀ ਕਾਲਜ ਲੜਕੀਆਂ,**
**ਭੋੜੀਆ ਖੇੜਾ, ਫਤਿਹਾਬਾਦ**
**Email:** professor.sukhwinder@gmail.com

ਧਰਮ ਦੇ ਵਿਸ਼ਵ-ਵਿਆਪੀ ਵਰਤਾਰੇ ਦਾ ਸਮਕਾਲੀ ਦ੍ਰਿਸ਼ ਇਸੇ ਕਿਸਮ ਦੀ ਗੰਭੀਰ ਸੰਕਟ ਸਥਿਤੀ ਵਲ ਸੰਕੇਤ ਕਰ ਰਿਹਾ ਹੈ। ਅੰਤਰ-ਰਾਸ਼ਟਰੀ ਜਾਂ ਸਥਾਨਕ ਸਿਆਸਤ ਦੇ ਗੁੰਝਲਦਾਰ ਤਾਣੇ-ਪੇਟੇ ਘਿਰਿਆ ਧਰਮ ਵਿਹਾਰਕ ਤੌਰ ਤੇ ਆਪਣੇ ਹਕੀਕੀ ਰੂਹਾਨੀ ਅਰਥਾਂ ਤੋਂ ਨਿਰੰਤਰ ਦੂਰ ਹੁੰਦਾ ਜਾ ਰਿਹਾ ਹੈ। ਇਸੇ ਲਈ ਭਿੰਨ-ਭਿੰਨ ਧਰਮ-ਸਭਿਆਚਾਰਾਂ ਵਿਚਕਾਰ ਬੇਭਰੋਸਗੀ ਅਤੇ ਟਕਰਾਉ ਦੀ ਸਥਿਤੀ ਬਣੀ ਹੋਈ ਹੈ। ਧਰਮ ਦੀ ਵਾਪਸੀ ਦਾ ਨਕਾਰਾਤਮਕ ਪਹਿਲੂ ਹੈ ਜਿਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਇਹ ਕਿਸੇ ਅਚੇਤ ਭੈ ਦੇ ਸਨਮੁਖ ਆਤਮ-ਰੱਖਿਆ ਦੀ ਮੁਦਰਾ ਧਾਰਣ ਕਰਨ ਵਾਂਗ ਹੈ। ਪਰ ਅਗਿਆਤ ਦੀ ਚਿੰਤਾ ਅਤੇ ਦੂਸਰੇ (the other) ਦੇ ਭੈ ਕਾਰਣ ਉਪਜੀ ਇਸ ਧਰਮਭਾਵਨਾ ਨੂੰ ਮਸਨੂਈ ਧਾਰਮਿਕਤਾ ਦਾ ਹੀ ਪ੍ਰਮਾਣ ਮੰਨਿਆ ਜਾਵੇਗਾ, ਪ੍ਰਮਾਣਿਕ ਧਾਰਮਿਕਤਾ ਦਾ ਨਹੀਂ।[i] ਹਕੀਕੀ ਧਰਮ ਚੇਤਨਾ ਡਰ ਜਾਂ ਅੰਧ-ਵਿਸ਼ਵਾਸ਼ ਉੱਤੇ ਨਹੀਂ ਸਗੋਂ ਸੁਜਾਖੇ ਗਿਆਨ ਉੱਤੇ ਆਧਾਰਿਤ ਹੁੰਦੀ ਹੈ। ਸੰਕਟ ਦੀ ਅਜਿਹੀ ਸਥਿਤੀ ਵਿਚ ਜੇ ਲੋਕ-ਚੇਤਨਾ ਅੰਦਰ ਧਰਮ ਦੀ ਵਾਪਸੀ ਹੋਈ ਹੈ ਤਾਂ ਉਸਦਾ ਇਕ ਹੋਰ ਕਾਰਣ ਖਪਤ-ਸਭਿਆਚਾਰ ਦੇ ਸਿੱਟੇ ਵਜੋਂ ਪੈਦਾ ਹੋ ਰਿਹਾ ਕਦਰਾਂ-ਕੀਮਤਾਂ ਅਤੇ ਅਰਥਾਂ ਦਾ ਸੰਕਟ ਵੀ ਹੈ। ਪਰ ਇਸਨੂੰ ਨਿਰੋਲ ਯਥਾਰਥ ਤੋਂ ਭਾਂਜ ਦਾ ਤਿਫਲ ਨਹੀਂ ਮੰਨਿਆਂ ਜਾ ਸਕਦਾ। ਉੱਤਰ-ਆਧੁਨਿਕ ਚਿੰਤਨ ਤੋਂ ਪ੍ਰੇਰਿਤ ਸਮਕਾਲੀ ਧਰਮ-ਚਿੰਤਨ ਵਿਚ ਅੰਤਰ-ਧਰਮ-ਸੰਵਾਦ ਦੀ ਪ੍ਰਵਿਰਤੀ ਉਘੜਵੇਂ ਰੂਪ ਵਿਚ ਸਾਮਣੇ ਆਈ ਹੈ ਜੋ ਬਹੁਤ ਮੁਬਾਰਕ ਕਦਮ ਹੈ। ਪੱਛਮੀ ਪ੍ਰਵਚਨ ਅੱਜ ਆਪਣੇ ਬਸਤੀਵਾਦੀ ਦੌਰ ਦੀ ਸਵੈ-ਸਿਰਜਤ ਉੱਤਮਤਾ ਦੀ ਮਿਥ ਵਿਚੋਂ ਨਿਕਲਣ ਦੇ ਆਹਰ ਵਿਚ ਹੈ। ਇਸਦੀ ਸਰਬੋਤਮ ਮਿਸਾਲ ਪ੍ਰਸਿੱਧ ਉੱਤਰ-ਆਧੁਨਿਕ ਚਿੰਤਕ ਯੱਕ ਦੇਰੀਦਾ ਅਤੇ ਗਾਇਨੀ ਵੈਟੀਮ ਦੁਆਰਾ ਧਰਮ-ਅਧਿਐਨ ਨਾਲ ਸੰਬੰਧਿਤ ਪੁਸਤਕ (Religiora) ਵਿਚ ਦੇਖਣ ਨੂੰ ਮਿਲਦੀ ਹੈ। ਇਹ ਪੁਸਤਕ ਧਰਮ ਦੇ ਵਿਸ਼ੇ ਉੱਪਰ ਆਯੋਜਿਤ ਕੀਤੇ ਗਏ ਇਕ ਅੰਤਰ-ਰਾਸ਼ਟਰੀ ਸੈਮੀਨਾਰ ਵਿੱਚ ਪੇਸ਼ ਕੀਤੇ ਗਏ ਖੋਜ-ਪੱਤਰਾਂ ਦਾ ਸੰਕਲਨ ਹੈ। ਦਿਲਚਸਪ ਗੱਲ ਇਹ ਹੈ ਕਿ ਅਜੋਕੇ ਉੱਤਰ-ਬਸਤੀਵਾਦੀ ਦੌਰ ਵਿਚ ਪੱਛਮੀ ਪ੍ਰਵਚਨ ਉਸੇ ਪੂਰਬੀ ਪ੍ਰਵਚਨ ਨਾਲ ਸੰਵਾਦ ਰਚਾਉਣ ਲਈ ਉਤਸੁਕ ਹੋ ਰਿਹਾ ਹੈ ਜਿਸਨੂੰ ਲੰਮੇ ਸਮੇਂ ਤਕ ਉਸਨੇ ਆਪਣੀ ਪੱਖਪਾਤੀ ਵਿਆਖਿਆ ਅਤੇ ਸਭਿਆਚਾਰਕ ਦਮਨ ਦਾ ਸ਼ਿਕਾਰ ਬਣਾਈ ਰੱਖਿਆ ਸੀ।[ii] ਅੱਜ ਜਦੋਂ ਕਿ ਵਿਸ਼ਵਵਿਆਪੀ ਸੰਕਟ-ਚੇਤਨਾ ਨੇ ਸੰਵਾਦ ਦੀ ਇਸ ਪ੍ਰਕਿਰਿਆ ਲਈ ਰਾਹ ਪੱਧਰਾ ਕਰ ਦਿੱਤਾ ਹੈ ਤਾਂ ਪੂਰਬੀ ਪ੍ਰਵਚਨ ਨੂੰ ਵੀ ਆਪਣੀ ਸੰਕੀਰਣ ਸੋਚ ਤਿਆਗ ਕੇ ਇਸ ਅੰਤਰ-ਧਰਮ-ਸੰਵਾਦ ਵਿਚ ਸ਼ਾਮਿਲ ਹੋਣ ਦੀ ਜ਼ਰੂਰਤ ਹੈ। ਜ਼ਾਹਰ ਹੈ ਕਿ ਇਸ ਮੰਤਵ ਲਈ ਵਿਸ਼ਵ ਦੇ ਸਮੂਹ ਧਰਮਾਂ ਦੀ ਭਿੰਨਤਾ ਅਤੇ ਉਨ੍ਹਾਂ ਦੇ ਪਾਵਨ ਗ੍ਰੰਥਾਂ ਦੀ ਵਿਲੱਖਣਤਾ ਦਾ ਆਦਰ ਕਰਨ ਵਾਲੀ ਸੋਚ ਲੋੜੀਂਦੀ ਹੈ।

ਭਾਵੇਂ ਵਿਸ਼ਵ ਦੇ ਸਮੂਹ ਪਾਵਨ ਗ੍ਰੰਥਾਂ ਨੇ ਮਨੁੱਖੀ ਹੋਂਦ ਅਤੇ ਯਥਾਰਥ ਦੀ ਵਾਸਤਵਿਕਤਾ ਨੂੰ ਆਪੋ ਆਪਣੀ ਇਤਿਹਾਸਕ ਸਥਿਤੀ ਅਤੇ ਸਭਿਆਚਾਰਕ ਪਰਿਪੇਖ ਤੋਂ ਪਰਿਭਾਸ਼ਿਤ ਕਰਨ ਦੇ ਉਪਰਾਲੇ ਕੀਤੇ ਹਨ ਪਰ ਉਨ੍ਹਾਂ ਦੇ ਸਿਰਜਿਤ ਪ੍ਰਵਚਨ ਵਿਚ ਸਰਬ ਸਾਂਝੇ ਮੂਲ ਮਾਨਵੀ ਸਰੋਕਾਰਾਂ ਦਾ ਸਰਬਕਾਲੀ ਸੰਦਰਭ ਵੀ ਆਪਮੁਹਾਰੇ ਹੀ ਪੇਸ਼ ਹੋ ਜਾਂਦਾ ਹੈ। ਇਸੇ ਤੱਥ ਵਿਚ ਹੀ ਧਾਰਮਿਕ ਅੰਤਰ-ਸੰਵਾਦ ਦੀ ਸੰਭਾਵਨਾ ਛੁਪੀ ਹੋਈ ਹੈ। ਪਾਵਨ ਗ੍ਰੰਥਾਂ ਦੇ ਸਿਰਜਿਤ ਪ੍ਰਵਚਨਾਂ ਨੂੰ ਬਰਾਬਰੀ ਦੀ ਸਪੇਸ ਪ੍ਰਦਾਨ ਕਰਦਿਆਂ ਅਤੇ ਸੰਵਾਦ ਦੀ ਕਿਰਿਆ ਵਿਚ ਪਾਇਆਂ ਯਥਾਰਥ ਦਾ ਅਜਿਹਾ ਬਹੁ-ਪਰਿਪੇਖੀ ਦ੍ਰਿਸ਼ ਉਸਾਰਿਆ ਜਾ ਸਕਦਾ ਹੈ ਜੋ ਸਮੁੱਚੀ ਮਾਨਵ ਜਾਤੀ ਨੂੰ ਸਾਂਝ ਅਤੇ ਸੁਮੇਲਦੇ ਕਲਿਆਣਕਾਰੀ ਮਾਰਗ ਉੱਤੇ ਤੋਰ ਸਕਦਾ ਹੈ।

ਅਸਲ ਵਿਚ ਜਿਸ ਕਿਸਮ ਦੇ ਅੰਤਰ-ਧਰਮ-ਸੰਵਾਦ ਦੀ ਚਰਚਾ ਅੱਜ, ਸੰਕਟ ਵਿਚ ਘਿਰੇ ਹੋਏ ਪੱਛਮੀ ਪ੍ਰਵਚਨ ਨੇ ਆਪਣੇ ਯਹੂਦੀ-ਈਸਾਈ ਵਿਰਸੇ ਦੀ ਚੇਤਨਾ ਦੇ ਅੰਤਰਗਤ ਛੇੜੀ ਹੈ ਉਸਦਾ ਆਧਾਰ ਭਾਰਤੀ ਮੂਲ ਵਾਲੇ ਸਮੂਹ ਪਾਵਨ ਗ੍ਰੰਥਾਂ ਵਿਚ ਪਹਿਲਾਂ ਹੀ ਮੌਜੂਦ ਹੈ।[iii] ਕਾਰਣ ਇਹ ਹੈ ਕਿ ਇਨ੍ਹਾਂ ਧਰਮਾਂ ਦੀ ਰਚਨਾ-ਸੰਰਚਨਾ ਸਾਮੀ ਪਿਛੋਕੜ ਵਾਲੇ ਪੈਗੰਬਰੀ ਧਰਮਾਂ (ਯਹੂਦੀ, ਈਸਾਈ ਅਤੇ ਇਸਲਾਮ ਧਰਮ) ਨਾਲੋਂ ਮੌਲਿਕ ਤੌਰ ਤੇ ਭਿੰਨ ਤੇ ਵਿਲੱਖਣ ਹੈ। ਪੈਗੰਬਰੀ ਬੋਲਾਂ ਦੇ ਆਲੇ ਦੁਆਲੇ ਰੱਬੀ ਹੁਕਮ ਅਤੇ ਦੈਵੀ ਨੇਮਾਂ ਦਾ ਵਾਰਾ ਪਹਿਰਾ ਹੁੰਦਾ ਹੈ ਜਿਨ੍ਹਾਂ ਦੀ ਉਲੰਘਣਾ ਗੁਨਾਹ ਤਸੱਵਰ ਕੀਤੀ ਜਾਂਦੀ ਹੈ। ਇਹੀ ਕਾਰਣ ਹੈ ਕਿ ਸਾਮੀ ਮੂਲ ਵਾਲੇ ਪੈਗੰਬਰੀ ਧਰਮਾਂ (ਖ਼ਾਸ ਤੌਰ ਤੇ ਇਸਲਾਮ) ਵਿਚ ਮੂਲਵਾਦੀ ਪ੍ਰਵਿਰਤੀ ਦਾ ਰੁਝਾਨ ਵਧੇਰੇ ਦਿਖਾਈ ਦਿੰਦਾ ਹੈ। ਇਸਦੇ ਉਲਟ ਭਾਰਤੀ ਮੂਲ ਵਾਲੇ ਧਰਮਾਂ ਵਿਚ ਪਾਵਨਤਾ ਦਾ ਸੰਬੰਧ ਪਰਮ ਸੱਚ ਅਤੇ ਪਰਮਾਰਥ ਨਾਲ ਜੋੜਿਆ ਜਾਂਦਾ ਹੈ ਜਿਸਦੀ ਪ੍ਰਾਪਤੀ ਕਰਮ, ਗਿਆਨ, ਯੋਗ ਜਾਂ ਭਗਤੀ ਦੇ ਮਾਧਿਅਮ ਰਾਹੀਂ ਹੀ ਹੋ ਸਕਦੀ ਹੈ। ਇਸਦਾ ਸੰਬੰਧ ਨੇਮ ਜਾਂ ਹੁਕਮ ਦੀ ਪਾਲਣਾ ਨਾਲ ਨਹੀਂ ਸਗੋਂ ਅਨੁਭਵ ਅਤੇ ਬੋਧ ਨਾਲ ਹੈ। ਇਨ੍ਹਾਂ ਪਾਵਨ ਗ੍ਰੰਥਾਂ ਵਿਚ ਧਰਮ ਪ੍ਰਵਰਤਕਾਂ ਨੂੰ ਵਧੇਰੇ ਰਿਸ਼ੀ, ਮੁਨੀ, ਜੋਗੀ, ਜਤੀ, ਮਣ, ਬੋਧੀਸੱਤਵ ਅਤੇ ਗੁਰੂ ਵਜੋਂ ਮਾਨਤਾ ਪ੍ਰਾਪਤ ਹੁੰਦੀ ਹੈ।[iv] ਇਹ ਧਰਮ-ਪ੍ਰਵਰਤਕ ਪੈਗੰਬਰ ਵਾਂਗ ਰੱਬੀ ਹੁਕਮ ਜਾਂ ਨੇਮ ਨੂੰ ਪ੍ਰਸਾਰਿਤ ਵਾਲੇ ਸੰਦੇਸ਼ਵਾਹਕ ਦੀ ਭੂਮਿਕਾ ਨਹੀਂ ਨਿਭਾਉਂਦੇ ਸਗੋਂ ਅਨੁਭਵ, ਆਵੇਸ਼ ਜਾਂ ਦਿੱਵ-ਦ੍ਰਿਸ਼ਟੀ ਰਾਹੀਂ ਪ੍ਰਾਪਤ ਕੀਤੇ ਗਿਆਨ ਰਾਹੀਂ ਮੋਖ, ਮੁਕਤ ਜਾਂ ਨਿਰਵਾਣ ਦੀ ਚੇਤਨਾ ਪ੍ਰਦਾਨ ਕਰਦੇ ਹਨ। |

ਆਧੁਨਿਕ ਅਤੇ ਉੱਤਰ-ਆਧੁਨਿਕ ਸਥਿਤੀ ਅਤੇ ਸੋਚ ਨਾਲ ਸੰਬੰਧਿਤ ਇਨ੍ਹਾਂ ਗਿਆਨ-ਸ਼ਾਸਤਰੀ ਗਤੀ-ਵਿਧੀਆਂ ਦਾ ਲੇਖਾ-ਜੋਖਾ ਕਰਦਿਆਂ ਅਸੀਂ ਇਨ੍ਹਾਂ ਦੀ ਅਰਥ ਸਾਰਥਕਤਾ ਨੂੰ ਪਛਾਣ ਸਕਦੇ ਹਾਂ। ਮੁੱਖ ਗੱਲ ਇਹ ਹੈ ਕਿ ਸਮਕਾਲੀ ਜੀਵਨ ਅਤੇ ਯਥਾਰਥ ਦਾ ਵਿਸ਼ਲੇਸ਼ਣ ਕਰਨ ਅਤੇ ਸਮੂਹ ਮਾਨਵ-ਸਿਰਜਿਤ ਪ੍ਰਵਚਨਾਂ ਦਾ ਅਧਿਐਨ ਕਰਨ ਲਈ ਇਨ੍ਹਾਂ ਨਵੀਨ ਗਿਆਨ-ਸ਼ਾਸਤਰੀ ਅੰਤਰ-ਦ੍ਰਿਸ਼ਟੀਆਂ ਦੀ ਲਾਹੇਵੰਦ ਵਰਤੋਂ ਕੀਤੀ ਜਾ ਸਕਦੀ ਹੈ।

ਹਵਾਲੇ:

---

[i] ਗੁਰਮਤਿ ਪ੍ਰਕਾਸ਼ ਪੱਤ੍ਰਿਕਾ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਜੁਲਾਈ 2018, ਪੰਨਾ 37

[ii] ਕੁਲਦੀਪ ਸਿੰਘ ਧੀਰ, ਸਿੱਖ ਰਾਜ ਦੇ ਵੀਰ ਨਾਇਕ, ਪੰਨਾ 1

[iii] ਪ੍ਰੋ. ਸਾਹਿਬ ਸਿੰਘ, ਬਾਬਾਣੀਆਂ ਕਹਾਣੀਆਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011, ਪੰਨਾ 133

[iv] ਸਰਬਜਿੰਦਰ ਸਿੰਘ, ਮਰਣੁ ਕਬੂਲ, ਪੰਨਾ 21